ਜਮਾਤ ਨੌਵੀਂ ਵਿਸ਼ਾ ਪੰਜਾਬੀ

# ਆਧੁਨਿਕ-ਕਾਵਿ
## ਅੰਮ੍ਰਿਤਾ ਪ੍ਰੀਤਮ

## ਤ੍ਰਿੰਞਣ

ਸੱਭੇ ਸਹੇਲੀਆਂ ਬਣ ਬਣ ਆਈਆਂ
ਸੱਜਰੇ ਸਿਰ ਗੁੰਦਾ
ਇੱਕ ਹੱਥ ਚਰਖਾ ਇੱਕ ਹੱਥ ਪੱਛੀ
ਏਸ ਤ੍ਰਿੰਜਣ ਦੇ ਚਾਅ
ਕਿਸੇ ਨੇ ਪਾਇਆ ਕੋਰਾ ਝੱਗਾ
ਨਿੱਕੀ - ਨਿੱਕੀ ਬੂਟੀ ਦਾ ।
ਕਿਸੇ ਨੇ ਸਿਰ ' ਤੇ ਲੀੜਾ ਲੀਤਾ
ਮਹੀਨ ਡੋਰੀਏ ਦਾ

ਪ੍ਰਸੰਗ: ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਤ੍ਰਿੰਞਣ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵਿੱਤਰੀ ਨੇ ਤ੍ਰਿੰਞਣ ਦਾ ਦ੍ਰਿਸ਼ ਕੀਤਾ ਹੈ।

ਵਿਆਖਿਆ: ਇਸ ਕਵਿਤਾ ਵਿਚ ਕਵਿੱਤਰੀ ਤ੍ਰਿੰਞਣ ਦੇ ਦ੍ਰਿਸ਼ ਨੂੰ ਪੇਸ਼ ਕਰਦੀ ਹੋਈ ਲਿਖਦੀ ਹੈ ਕਿ ਸਾਰੀਆ ਸਹੇਲੀਆ ਆਪਣੇ ਵਾਲਾਂ ਨੂੰ ਸੋਹਣੀ ਤਰ੍ਹਾਂ ਗੁੰਦਵਾ ਕੇ, ਬਣ-ਸੰਵਰ ਕੇ ਤ੍ਰਿੰਞਣ ਪਾਉਣ ਲਈ ਕੱਠੀਆਂ ਹੋ ਕੇ ਆ ਗਈਆਂ ਹਨ। ਉਨ੍ਹਾਂ ਵਿੱਚੋਂ ਕਿਸੇ ਨੇ ਆਪਣੇ ਹੱਥ ਵਿਚ ਚਰਖੀ ਚੁੱਕੀ ਹੋਈ ਹੈ, ਕਿਸੇ ਦੇ ਹੱਥ ਵਿੱਚ ਪੂਣੀਆਂ ਵਾਲਾ ਛਿੱਕੂ ਚੁੱਕਿਆ ਹੋਇਆ ਹੈ।ਕਿਸੇ ਕੁੜੀ ਨੇ ਨਿੱਕੀ-ਨਿੱਕੀ ਬੂਟੀ ਦਾ ਕੋਰਾ ਭਾਵ ਨਵਾਂ ਝੱਗਾ ਪਾਇਆ ਹੋਇਆ ਹੈ ਅਤੇ ਕਿਸੇ ਨੇ ਸਿਰ ਉੱਤੇ ਬਰੀਕ ਡੋਰੀਏ ਦੀ ਚੁੰਨੀ ਜਾਂ ਦੁਪੱਟਾ ਲਿਆ ਹੋਇਆ ਹੈ।

ਅੱਖੀਂ ਕੱਜਲਾ ਬੁੱਲ੍ਹ ਦੰਦਾਸਾ
ਹੱਥੀਂ ਮਹਿੰਦੀ ਲਾ
ਬਣ - ਬਣ ਪਈਆਂ ਪੈਣ
ਬਲੌਰੀ ਗਜਰੇ ਹੱਥ ਚੜ੍ਹਾ
ਚਿੱਟੇ ਪੱਟ ਦਾ ਮੋਤੀਆ
ਤੇ ਸਾਵੀਆਂ ਡੰਡੀਆਂ ਪਾ
ਕਿਸੇ ਨੇ ਸਿਰ ' ਤੇ ਪੱਲਾ ਕੀਤਾ

ਸੂਹੀ ਫੁਲਕਾਰੀ ਦਾ
ਸਹੇਲੀਆਂ ਦੀ ਸਰਦਾਰ ਹੀਰ ਕੋਈ
ਡੰਡੀ ਝਮਕੀ ਪਾ
ਐਧਰ ਸਖੀਆਂ ਔਧਰ ਸਖੀਆਂ
ਬੈਠੀ ਪੀੜ੍ਹਾ ਡਾਹ

ਪ੍ਰਸੰਗ: ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਤ੍ਰਿੰਞਣ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵਿੱਤਰੀ ਨੇ ਤ੍ਰਿੰਞਣ ਦਾ ਦ੍ਰਿਸ਼ ਕੀਤਾ ਹੈ।

ਵਿਆਖਿਆ: ਕਵਿੱਤਰੀ ਤ੍ਰਿੰਞਣ ਦੇ ਦ੍ਰਿਸ਼ ਨੂੰ ਪੇਸ਼ ਕਰਦੀ ਹੋਈ ਕਹਿੰਦੀ ਹੈ ਕਿ ਚਰਖਾ ਕੱਤਣ ਲਈ ਇਕੱਠੀਆਂ ਹੋਈਆਂ ਕੁੜੀਆਂ ਨੇ ਅੱਖਾਂ ਵਿੱਚ ਕਜਲਾ , ਬੁੱਲ੍ਹਾਂ ਉੱਤੇ ਦੰਦਾਸਾ ਅਤੇ ਹੱਥਾਂ ਉੱਤੇ ਮਹਿੰਦੀ ਲਾਈ ਹੋਈ ਹੈ। ਉਨ੍ਹਾਂ ਦੇ ਹੱਥਾਂ ਵਿੱਚ ਪਾਏ ਹੋਏ ਕੱਚ ਦੇ ਗਜਰੇ ਬਹੁਤ ਹੀ ਸੋਹਣੇ ਲੱਗ ਰਹੇ ਹਨ। ਉਨ੍ਹਾਂ ਵਿੱਚੋਂ ਕਿਸੇ ਨੇ ਸਿਰ ਉੱਤੇ ਚਿੱਟਾ ਰੇਸ਼ਮੀ ਜਾਂ ਮੋਤੀਆ ਦੁਪੱਟਾ ਲਿਆ ਹੋਇਆ ਹੈ। ਕਿਸੇ ਨੇ ਕੰਨਾਂ ਵਿੱਚ ਇੱਕੋ ਜਿਹੀਆਂ ਡੰਡੀਆਂ ਪਾਈਆਂ ਹੋਈਆਂ ਹਨ। ਕਿਸੇ ਨੇ ਸਿਰ ਉੱਤੇ ਲਾਲ ਫੁਲਕਾਰੀ ਦਾ ਪੱਲਾ ਕੀਤਾ ਹੋਇਆ ਹੈ। ਇਨ੍ਹਾਂ ਤ੍ਰਿੰਞਣ ਪਾਉਣ ਲਈ ਇਕੱਠੀਆਂ ਹੋਈਆਂ ਕੁੜੀਆਂ ਦੀ ਸਰਦਾਰ ਹੀਰ ਕੁੜੀ ਡੰਡੀ ਝੁਮਕੀ ਪਾ ਕੇ ਸਾਰੀਆਂ ਸਹੇਲੀਆਂ ਦੇ ਵਿਚਾਲੇ ਚਰਖਾ ਕੱਤਣ ਲਈ ਬੈਠੀ ਹੋਈ ਹੈ।

ਕਿਸੇ ਨੇ ਆਂਦੀ ਪੱਛੀ ਭਰ ਕੇ
ਚੌਲ ਤੇ ਕਣਕ ਭੁਨਾ
ਖੱਖੜੀਆਂ ਦੇ ਬੀ ਭੁਨਾਏ
ਕਿਸੇ ਭੱਠੀ ' ਤੇ ਜਾ
ਕੋਈ ਲਿਆਈ ਘੁੰਗਣੀਆਂ
ਕੋਈ ਖਿੱਲਾਂ ਝੋਲੀ ਪਾ
ਕੋਈ ਲਿਆਈ ਖਿੱਲਾਂ ਛੋਲੇ
ਸੱਤੂ ਕੋਈ ਬਣਵਾ

ਪ੍ਰਸੰਗ: ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਤ੍ਰਿੰਞਣ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵਿੱਤਰੀ ਨੇ ਤ੍ਰਿੰਞਣ ਦਾ ਦ੍ਰਿਸ਼ ਕੀਤਾ ਹੈ।

ਵਿਆਖਿਆ: ਕਵਿੱਤਰੀ ਕਹਿੰਦੀ ਹੈ ਕਿ ਤ੍ਰਿੰਞਣ ਵਿੱਚ ਇਕੱਠੀਆਂ ਹੋਈਆਂ ਕੁੜੀਆਂ ਵਿੱਚੋਂ ਕੋਈ ਕੁੜੀ ਕਣਕ ਤੇ ਚੌਲਾਂ ਨੂੰ ਭੁਨਾ ਕੇ ਉਸਦਾ ਛਿੱਕੂ ਭਰ ਕੇ ਲਿਆਈ ਹੈ। ਕੋਈ ਕੁੜੀ ਭੱਠੀ ਤੋਂ ਖਰਬੂਜਿਆਂ ਦੇ ਬੀ ਭੁਨਾ ਕੇ ਲਿਆਈ ਹੈ। ਕੋਈ ਕੁੜੀ ਘੁੰਗਣੀਆਂ ਭਾਵ ਕਣਕ ਦੇ ਦਾਣਿਆ ਦੀਆਂ ਬੱਕਲੀਆਂ ਲਿਆਈ ਹੈ। ਕੋਈ ਆਪਣੇ ਘਰੋਂ ਛੋਲਿਆਂ ਦੀਆਂ ਖਿੱਲਾਂ ਅਤੇ ਕੋਈ ਸੱਤੂ ਬਣਵਾ ਕੇ ਲਿਆਈ ਹੈ।

ਨਿੱਤ ਨਿੱਤ ਵਗਦੇ ਰਹਿਣਗੇ ਪਾਣੀ
ਨਿੱਤ ਪੱਤਣ ' ਤੇ ਮੇਲਾ
ਬਚਪਨ ਨਿੱਤ ਜਵਾਨੀ ਬਣਦਾ
ਨਿੱਤ ਕੱਤਣ ਦਾ ਵੇਲਾ
ਜੋ ਪਾਣੀ ਅੱਜ ਪੱਤਣੋਂ ਲੰਘੇ
ਫੇਰ ਨਾ ਆਵੇ ਭਲ਼ਕੇ
ਬੇੜੀ ਦਾ ਪੂਰ ,ਤ੍ਰਿੰਝਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ਼ ਕੇ ।

ਪ੍ਰਸੰਗ: ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਤ੍ਰਿੰਞਣ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵਿੱਤਰੀ ਨੇ ਤ੍ਰਿੰਞਣ ਦਾ ਦ੍ਰਿਸ਼ ਕੀਤਾ ਹੈ। ਇਨ੍ਹਾਂ ਸਤਰਾਂ ਵਿੱਚ ਕਵਿੱਤਰੀ ਤ੍ਰਿੰਞਣ ਵਿੱਚ ਇਕੱਠੀਆਂ ਹੋਈਆਂ ਕੁੜੀਆਂ ਬਾਰੇ ਕਹਿੰਦੀ ਹੈ ਕਿ ਵਿਆਹੀਆਂ ਜਾਣ ਪਿੱਛੋਂ ਉਹ ਮੁੜ ਇਕੱਠੀਆਂ ਹੋ ਕੇ ਨਹੀਂ ਬੈਠ ਸਕਦੀਆਂ।

ਵਿਆਖਿਆ: ਇਹਨਾਂ ਸਤਰਾਂ ਵਿਚ ਕਵਿੱਤਰੀ ਆਖਦੀ ਹੈ ਕਿ ਦਰਿਆਵਾਂ ਅਤੇ ਨਦੀਆਂ ਵਿੱਚ ਹਰ ਰੋਜ਼ ਪਾਣੀ ਵਗਦੇ ਰਹਿਣਗੇ ਅਤੇ ਹਰ ਰੋਜ਼ ਨਦੀਆ-ਦਰਿਆਵਾਂ ਦੇ ਕਿਨਾਰਿਆਂ ਉੱਪਰ ਆਉਣ-ਜਾਣ ਵਾਲੇ ਲੋਕਾਂ ਦਾ ਮੇਲਾ ਲੱਗਾ ਰਹੇਗਾ। ਹਰ ਮੁਟਿਆਰ ਬਚਪਨ ਤੋਂ ਬਾਅਦ ਜਵਾਨੀ ਵਿੱਚ ਪੈਰ ਧਰਦੀ ਹੈ ਅਤੇ ਤ੍ਰਿੰਞਣਾਂ ਵਿੱਚ ਕੱਤਣ ਦਾ ਕੰਮ ਵੀ ਇਸੇ ਤਰ੍ਹਾਂ ਹਰ ਰੋਜ਼ ਹੁੰਦਾ ਹੈ ਪਰ ਜਿਹੜਾ ਪਾਣੀ ਅੱਜ ਪੱਤਣ ਭਾਵ ਦਰਿਆ ਜਾਂ ਨਦੀ ਦੇ ਕਿਨਾਰੇ ਤੋਂ ਲੰਘ ਜਾਂਦਾ ਹੈ, ਉਹ ਮੁੜ ਕਦੇ ਵੀ ਵਾਪਸ ਨਹੀਂ ਆਉਂਦਾ। ਇਸੇ ਤਰਾਂ ਹੀ ਬੇੜੀ ਦੇ ਪੂਰ ਵਿੱਚ ਜਿਹੜੇ ਮੁਸਾਫਰ ਅੱਜ ਇਕੱਠੇ ਹੋਏ ਹਨ, ਉਹ ਫਿਰ ਦੁਬਾਰਾ ਕਦੇ ਵੀ ਇਕੱਠੇ ਨਹੀਂ ਹੁੰਦੇ। ਇਸੇ ਤਰਾਂ ਤ੍ਰਿੰਞਣ ਵਿੱਚ ਰਲ਼-ਮਿਲ ਕੇ ਇਕੱਠੀਆਂ ਬਹਿ ਕੇ ਚਰਖੇ ਕੱਤਦੀਆਂ ਕੁੜੀਆਂ ਵਿਆਹੀਆਂ ਜਾਣ ਮਗਰੋਂ ਮੁੜ ਇਕੱਠੀਆਂ ਹੋ ਕੇ ਕਦੇ ਵੀ ਨਹੀਂ ਬੈਠਦੀਆਂ।

## ਸੰਖੇਪਾਤਮਕ ਉੱਤਰ ਵਾਲੇ ਪ੍ਰਸ਼ਨ:

1. 'ਤ੍ਰਿੰਞਣ' ਕਵਿਤਾ ਦਾ ਕੇਂਦਰੀ ਭਾਵ ਲਿਖੋ।
ਉੱਤਰ: ਤ੍ਰਿੰਞਣ ਵਿੱਚ ਸਾਰੀਆਂ ਕੁੜੀਆਂ ਬਣ ਠਣ ਕੇ ਇਕੱਠੀਆਂ ਹੋ ਕੇ ਆਉਂਦੀਆਂ ਹਨ। ਉਹ ਚਰਖੇ ਕੱਤਦੀਆਂ, ਹਾਸੇ-ਠੱਠੇ ਕਰਦੀਆਂ ਹਨ ਪਰ ਵਿਆਹਿਆਂ ਜਾਣ ਮਗਰੋਂ ਉਹ ਮੁੜ ਇਕੱਠੀਆਂ ਨਹੀਂ ਹੋ ਸਕਦੀਆਂ।
2. 'ਤ੍ਰਿੰਞਣ' ਕਵਿਤਾ ਕਿਸ ਦੀ ਰਚਨਾ ਹੈ?
ਉੱਤਰ: ਅੰਮ੍ਰਿਤਾ ਪ੍ਰੀਤਮ।
3. 'ਤ੍ਰਿੰਞਣ' ਵਿੱਚ ਕੌਣ ਬਣ ਠਣ ਕੇ ਆਈਆਂ ਹਨ?

ਉੱਤਰ: ਸਹੇਲੀਆ।
4. ਤ੍ਰਿੰਞਣ ਵਿੱਚ ਆਈ ਕੁੜੀ ਨੇ ਕਿਸ ਤਰ੍ਹਾਂ ਦਾ ਝੱਗਾ ਪਾਇਆ ਹੋਇਆ ਸੀ?
ਉੱਤਰ: ਨਿੱਕੀ-ਨਿੱਕੀ ਬੂਟੀ ਦਾ।
5. 'ਤ੍ਰਿੰਞਣ' ਵਿੱਚ ਕੁੜੀਆਂ ਦੇ ਇਕੱਠ ਨੂੰ ਕਿਸ ਚੀਜ਼ ਨਾਲ ਉਪਮਾ ਦਿੱਤੀ ਗਈ ਹੈ?
ਉੱਤਰ: ਬੇੜੀ ਦੇ ਪੂਰ ਨਾਲ।

## 2. ਅਹਿਦਨਾਮਾ

ਅਮਨ ਦਾ ਇਹ ਅਹਿਦਨਾਮਾ , ਆਓ ਦੁਨੀਆ ਵਾਲਿਓ ਦਸਖ਼ਤ ਕਰੋ
ਕਾਗਜ਼ ਹੈ ਇਹ ਤਕਦੀਰ ਦਾ , ਤੇ ਕਲਮ ਹੈ ਤਦਬੀਰ ਦੀ
ਅੱਜ ਕਲਮ ਦੇ ਵਿੱਚ ਅਮਨ ਦੀ ਸਿਆਹੀ ਭਰੋ ! ਦਸਖ਼ਤ ਕਰੋ ।

ਪ੍ਰਸੰਗ: ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿਚ ਕਵਿੱਤਰੀ ਸਿਆਸੀ ਅਤੇ ਧਾਰਮਿਕ ਆਗੂਆਂ, ਕਲਾਕਾਰਾਂ, ਲਿਖਾਰੀਆਂ, ਪ੍ਰੇਮੀਆਂ ਤੇ ਫਿਲਾਸਫਰਾਂ ਨੂੰ ਸੰਸਾਰ-ਅਮਨ ਦੇ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਨ ਦਾ ਹੋਕਾ ਦਿੰਦੀ ਹੈ ਤਾਂ ਜੋ ਸੰਸਾਰ ਵਿੱਚੋਂ ਨਫ਼ਰਤ ਦਾ ਹਨੇਰਾ ਦੂਰ ਹੋਵੇਗਾ ਅਤੇ ਮਨੁੱਖਤਾ ਦਾ ਨਾਸ਼ ਕਰਨ ਵਾਲ਼ੀ ਸੰਸਾਰ-ਜੰਗ ਫਿਰ ਮੁੜ ਕੇ ਕਦੇ ਵੀ ਨਾ ਛਿੜੇ।

ਵਿਆਖਿਆ: ਇਨ੍ਹਾਂ ਸਤਰਾਂ ਵਿੱਚ ਕਵਿੱਤਰੀ ਸੰਸਾਰ ਦੇ ਸਿਆਸੀ ਅਤੇ ਧਾਰਮਿਕ ਆਗੂਆਂ, ਕਲਾਕਾਰਾਂ, ਲਿਖਾਰੀਆਂ, ਪ੍ਰੇਮੀਆਂ, ਅਤੇ ਫਿਲਾਸਫਰਾਂ ਨੂੰ ਕਹਿੰਦੀ ਹੈ ਕੀ ਉਹ ਸਾਰੇ ਇਕੱਠੇ ਹੋ ਕੇ ਸੰਸਾਰ ਵਿੱਚ ਸ਼ਾਂਤੀ ਲਿਆਉਣ ਦੇ ਇਸ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਨ ਤਾਂ ਜੋ ਭਵਿੱਖ ਵਿੱਚ ਸੰਸਾਰ-ਸ਼ਾਂਤੀ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਭਵਿੱਖ ਦੀ ਕਿਸਮਤ ਦਾ ਕਾਗਜ਼ ਪਿਆ ਹੈ ਅਤੇ ਉਨ੍ਹਾਂ ਦੇ ਹੱਥ ਵਿੱਚ ਆਉਣ ਵਾਲੇ ਸਮੇਂ ਦੇ ਖ਼ਤਰਿਆਂ ਨੂੰ ਟਾਲਣ ਵਾਲੀ ਕਲਮ ਹੈ। ਉਹ ਆਪਣੀ ਇਸ ਕਲਮ ਦੇ ਵਿੱਚ ਅਮਨ ਦੀ ਸਿਆਹੀ ਭਰ ਕੇ ਇਸ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਨ।

ਨਫ਼ਰਤ ਦੀ ਕਾਲੀ ਰਾਤ ਹੈ , ਨਫ਼ਰਤ ਦੀ ਕਾਲੀ ਬਾਤ ਹੈ ।
ਠੋਹਕਰ ਨਾ ਲੱਗੇ ਇਲਮ ਨੂੰ , ਠੋਕਰ ਨਾ ਲੱਗੇ ਕਲਮ ਨੂੰ
ਦਿਲ ਦਾ ਚਿਰਾਗ਼ ਬਾਲ ਕੇ ਸਾਹਵੇਂ ਧਰੋ ! ਦਸਖ਼ਤ ਕਰੋ ।

**ਪ੍ਰਸੰਗ:** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿਚ ਕਵਿੱਤਰੀ ਸਿਆਸੀ ਅਤੇ ਧਾਰਮਿਕ ਆਗੂਆਂ, ਕਲਾਕਾਰਾਂ, ਲਿਖਾਰੀਆਂ, ਪ੍ਰੇਮੀਆਂ ਤੇ ਫਿਲਾਸਫਰਾਂ ਨੂੰ ਸੰਸਾਰ-ਅਮਨ ਦੇ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਨ ਦਾ ਹੋਕਾ ਦਿੰਦੀ ਹੈ ਤਾਂ ਜੋ ਸੰਸਾਰ ਵਿੱਚੋਂ ਨਫ਼ਰਤ ਦਾ ਹਨੇਰਾ ਦੂਰ ਹੋਵੇਗਾ ਅਤੇ ਮਨੁੱਖਤਾ ਦਾ ਨਾਸ਼ ਕਰਨ ਵਾਲ਼ੀ ਸੰਸਾਰ-ਜੰਗ ਫਿਰ ਮੁੜ ਕੇ ਕਦੇ ਵੀ ਨਾ ਛਿੜੇ।

**ਵਿਆਖਿਆ:** ਕਵਿੱਤਰੀ ਕਹਿੰਦੀ ਹੈ ਕਿ ਸੰਸਾਰ ਵਿੱਚ ਹਰ ਪਾਸੇ ਨਫ਼ਰਤ ਦੀ ਕਾਲੀ ਰਾਤ ਪਸਰੀ ਹੋਈ ਹੈ ਅਤੇ ਹਰ ਪਾਸੇ ਨਫ਼ਰਤ ਦੀਆਂ ਹੀ ਗੱਲਾਂ ਹੋ ਰਹੀਆਂ ਹਨ। ਓਹੋ ਸੰਸਾਰ ਦੇ ਆਗੂਆਂ, ਕਲਾਕਾਰਾਂ, ਵਿਦਵਾਨਾਂ, ਲਿਖਾਰੀਆਂ ਅਤੇ ਫ਼ਿਲਾਸਫ਼ਰਾਂ ਨੂੰ ਖ਼ਬਰਦਾਰ ਹੋਣ ਲਈ ਕਹਿੰਦੀ ਹੈ ਤਾਂ ਜੋ ਸੰਸਾਰ ਵਿੱਚ ਪਿਆਰ ਫੈਲਾਉਣ ਵਾਲੀ ਕਲਮ ਅਤੇ ਪਿਆਰ ਦਾ ਪਸਾਰ ਕਰਨ ਵਾਲੇ ਲਿਖਾਰੀਆਂ ਨੂੰ ਨੁਕਸਾਨ ਪਹੁੰਚਾਉਣ ਵਾਲੀ ਕੋਈ ਵੀ ਗੱਲ ਨਾ ਹੋਵੇ। ਤੁਸੀਂ ਦਿਲ ਦੇ ਦੀਵੇ ਬਾਲ਼ ਕੇ ਰੋਸ਼ਨੀ ਕਰਨ ਲਈ ਸਾਹਮਣੇ ਰੱਖੋ ਤਾਂ ਜੋ ਸਭ ਨੂੰ ਇਸ ਦੀ ਮਹਾਨਤਾ ਸਮਝ ਆ ਸਕੇ। ਇਸ ਲਈ ਤੁਸੀਂ ਸਾਰੇ ਮਿਲ ਕੇ ਸੰਸਾਰ-ਸ਼ਾਂਤੀ ਦੇ ਇਸ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰੋ।

**ਆਵੋ ਕਿ ਜਿੰਦਾਂ ਮਹਿੰਗੀਆਂ , ਆਵੋ ਕਿ ਮੌਤਾਂ ਸਸਤੀਆਂ**
**ਓਏ ਹੁਸਨ ਦੇ ਵਣਜਾਰਿਓ , ਓਏ ਹੁਨਰ ਦੇ ਵਣਜਾਰਿਓ**
**ਅੱਜ ਆਪਣੇ ਆਪਣੇ ਇਸ਼ਕ ਨੂੰ ਜ਼ਾਮਨ ਧਰੋ ! ਦਸਖ਼ਤ ਕਰੋ ।**
**ਬਰਕਤ ਤੇਰੀ ਆਵਾਜ਼ ਦੀ , ਬਰਕਤ ਮੇਰੀ ਆਵਾਜ਼ ਦੀ**
**ਤੇ ਬੂੰਦ - ਬੂੰਦ ਜੋੜ ਕੇ ਸਾਗਰ ਭਰੋ ! ਦਸਖ਼ਤ ਕਰੋ ।**

**ਪ੍ਰਸੰਗ:** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿਚ ਕਵਿੱਤਰੀ ਸਿਆਸੀ ਅਤੇ ਧਾਰਮਿਕ ਆਗੂਆਂ, ਕਲਾਕਾਰਾਂ, ਲਿਖਾਰੀਆਂ, ਪ੍ਰੇਮੀਆਂ ਤੇ ਫਿਲਾਸਫਰਾਂ ਨੂੰ ਸੰਸਾਰ-ਅਮਨ ਦੇ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਨ ਦਾ ਹੋਕਾ ਦਿੰਦੀ ਹੈ ਤਾਂ ਜੋ ਸੰਸਾਰ ਵਿੱਚੋਂ ਨਫ਼ਰਤ ਦਾ ਹਨੇਰਾ ਦੂਰ ਹੋਵੇਗਾ ਅਤੇ ਮਨੁੱਖਤਾ ਦਾ ਨਾਸ਼ ਕਰਨ ਵਾਲ਼ੀ ਸੰਸਾਰ-ਜੰਗ ਫਿਰ ਮੁੜ ਕੇ ਕਦੇ ਵੀ ਨਾ ਛਿੜੇ।

**ਵਿਆਖਿਆ:** ਇਹਨਾਂ ਸਤਰਾਂ ਵਿੱਚ ਕਵਿੱਤਰੀ ਸੰਸਾਰ ਭਰ ਦੇ ਰਾਜਨੀਤਿਕ ਅਤੇ ਧਾਰਮਿਕ ਆਗੂਆਂ, ਕਲਾਕਾਰਾਂ, ਵਿਦਵਾਨਾਂ ਅਤੇ ਫ਼ਿਲਾਸਫ਼ਰਾਂ ਨੂੰ ਕਹਿੰਦੀ ਹੈ ਕਿ ਉਨ੍ਹਾਂ ਨੂੰ ਇਹ ਕੰਮ ਇਸ ਲਈ ਕਰਨਾ ਚਾਹੀਦਾ ਹੈ ਕਿਉਂਕਿ ਮਨੁੱਖੀ ਜ਼ਿੰਦਗੀਆਂ ਬਹੁਤ ਮਹਿੰਗੀਆਂ ਹਨ ਪਰ ਜੰਗ ਅਤੇ ਨਫ਼ਰਤ ਨੂੰ ਫੈਲਾਉਣ ਵਾਲੇ ਮੌਤ ਨੂੰ ਸਸਤੀ ਬਣਾ ਕੇ ਮਨੁੱਖਤਾ ਨੂੰ ਖ਼ਤਮ ਕਰ ਦਿੰਦੇ ਹਨ। ਉਹ ਹੁਨਰ ਅਤੇ ਕਲਾ ਦੇ ਵਪਾਰੀਆਂ ਨੂੰ ਕਹਿੰਦੀ ਹੈ ਕਿ ਉਹ ਆਪੋ-ਆਪਣੇ ਇਸ਼ਕ ਨੂੰ ਜ਼ਾਮਨ ਧਰ ਕੇ ਸ਼ਾਂਤੀ ਦੇ ਇਸ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰ ਦੇਣ ਤਾਂ ਜੋ ਮਹਿੰਗੀਆਂ ਮਨੁੱਖੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇ।ਇਸ ਤਰ੍ਹਾਂ ਸਭ ਦੀ

ਅਵਾਜ਼ ਰੂਪੀ ਬੂੰਦ-ਬੂੰਦ ਨਾਲ ਸਾਗਰ ਵਰਗੀ ਸ਼ਕਤੀ ਇਕੱਠੀ ਕਰ ਲੈਣੀ ਚਾਹੀਦੀ ਹੈ ਅਤੇ ਸੰਸਾਰ ਸ਼ਾਂਤੀ ਨੂੰ ਹਮੇਸ਼ਾਂ ਲਈ ਬਣਾਈ ਰੱਖਣ ਸੰਬੰਧੀ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਨੇ ਚਾਹੀਦੇ ਹਨ।

ਦੀਨਾਂ ਈਮਾਨਾਂ ਵਾਲਿਓ ਦਸਖ਼ਤ ਕਰੋ ।
ਦੋਹਾਂ ਜਹਾਨਾਂ ਵਾਲਿਓ ਦੁਸਖ਼ਤ ਕਰੋ ।
ਨੇਮਾਂ ਤੇ ਧਰਮਾਂ ਵਾਲਿਓ ਦਸਖ਼ਤ ਕਰੋ ।
ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ ।

ਪ੍ਰਸੰਗ: ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿਚ ਕਵਿੱਤਰੀ ਸਿਆਸੀ ਅਤੇ ਧਾਰਮਿਕ ਆਗੂਆਂ, ਕਲਾਕਾਰਾਂ, ਲਿਖਾਰੀਆਂ, ਪ੍ਰੇਮੀਆਂ ਤੇ ਫਿਲਾਸਫਰਾਂ ਨੂੰ ਸੰਸਾਰ-ਅਮਨ ਦੇ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਨ ਦਾ ਹੋਕਾ ਦਿੰਦੀ ਹੈ ਤਾਂ ਜੋ ਸੰਸਾਰ ਵਿੱਚੋਂ ਨਫ਼ਰਤ ਦਾ ਹਨੇਰਾ ਦੂਰ ਹੋਵੇਗਾ ਅਤੇ ਮਨੁੱਖਤਾ ਦਾ ਨਾਸ਼ ਕਰਨ ਵਾਲ਼ੀ ਸੰਸਾਰ-ਜੰਗ ਫਿਰ ਮੁੜ ਕੇ ਕਦੇ ਵੀ ਨਾ ਛਿੜੇ।

ਵਿਆਖਿਆ: ਇਨ੍ਹਾਂ ਸਤਰਾਂ ਵਿੱਚ ਕਵਿੱਤਰੀ ਸੰਸਾਰ ਸ਼ਾਂਤੀ ਦੇ ਪ੍ਰਤਿੱਗਿਆ-ਪੱਤਰ ਤੇ ਦਸਖ਼ਤ ਕਰਨ ਦਾ ਸੱਦਾ ਦਿੰਦੀ ਹੋਈ ਦੀਨਾ-ਧਰਮ ਵਾਲਿਆਂ, ਵਿਰੋਧੀ ਸੰਸਾਰ ਸ਼ਕਤੀਆਂ ਤੇ ਨੇਮਾ ਵਾਲਿਆ ਨੂੰ ਕਹਿੰਦੀ ਹੈ ਕਿ ਆਓ ਭਾਗਾਂ ਵਾਲਿਓ! ਸੰਸਾਰ ਸ਼ਾਂਤੀ ਦੇ ਪ੍ਰਤਿੱਗਿਆ-ਪੱਤਰ ਉੱਤੇ ਦਸਖ਼ਤ ਕਰਕੇ ਆਪਣਾ ਫਰਜ਼ ਨਿਭਾਓ।

## ਸੰਖੇਪਾਤਮਕ ਉੱਤਰ ਵਾਲੇ ਪ੍ਰਸ਼ਨ:

1. 'ਅਹਿਦਨਾਮਾ' ਕਵਿਤਾ ਦਾ ਕੇਂਦਰੀ ਭਾਵ ਲਿਖੋ।
ਉੱਤਰ: ਸੰਸਾਰ ਵਿੱਚ ਹਰ ਪਾਸੇ ਨਫ਼ਰਤ ਅਤੇ ਜੰਗ ਦਾ ਹਨੇਰਾ ਛਾਇਆ ਹੋਇਆ ਹੈ ਜਿਸ ਨਾਲ ਮਹਿੰਗੀਆਂ ਮਨੁੱਖੀ ਜ਼ਿੰਦਗੀਆਂ ਲਈ ਮੌਤ ਸਸਤੀ ਹੋ ਗਈ ਹੈ। ਸੋ ਸਮੁੱਚੀ ਮਨੁੱਖਤਾ ਨੂੰ ਭਵਿੱਖ ਵਿੱਚ ਇਸ ਸਥਿਤੀ ਤੋਂ ਪੈਦਾ ਹੋਣ ਵਾਲੇ ਸਰਵਨਾਸ਼ ਤੋਂ ਬਚਾਉਣ ਲਈ ਸੰਸਾਰ ਦੇ ਰਾਜਨੀਤਿਕ ਤੇ ਧਾਰਮਿਕ ਆਗੂਆਂ, ਕਲਾਕਾਰਾਂ, ਲਿਖਾਰੀਆਂ, ਵਿਦਵਾਨਾਂ ਤੇ ਫ਼ਿਲਾਸਫ਼ਰਾਂ ਨੂੰ ਸੰਸਾਰ ਸ਼ਾਂਤੀ ਦੀ ਪ੍ਰਾਪਤੀ ਲਈ ਇੱਕ-ਜੁੱਟ ਹੋ ਕੇ ਪ੍ਰਤਿੱਗਿਆ ਕਰਨੀ ਚਾਹੀਦੀ ਹੈ

2. 'ਅਹਿਦਨਾਮਾ' ਕਵਿਤਾ ਕਿਸ ਦੀ ਰਚਨਾ ਹੈ?
ਉੱਤਰ: ਅੰਮ੍ਰਿਤਾ ਪ੍ਰੀਤਮ।
3. ਕਵਿੱਤਰੀ ਦੁਨੀਆਂ ਵਾਲਿਆਂ ਨੂੰ ਕਾਹਦੇ ਅਹਿਦਨਾਮੇ ਤੇ ਦਸਖ਼ਤ ਕਰਨ ਨੂੰ ਕਹਿੰਦੀ ਹੈ?
ਉੱਤਰ: ਅਮਨ ਦੇ।

4. 'ਅਹਿਦਨਾਮਾ' ਕਵਿਤਾ ਵਿਚ ਕਾਹਦਾ ਚਿਰਾਗ਼ ਬਾਲਣ ਲਈ ਕਿਹਾ ਗਿਆ ਹੈ?
ਉੱਤਰ: ਦਿਲ ਦਾ।

ਤਿਆਰ ਕਰਤਾ :
ਊਸ਼ਾ ਰਾਣੀ
ਪੰਜਾਬੀ ਅਧਿਆਪਕਾ ,
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰ.) ਮੱਤੇਵਾਲ
ਬੀ.ਐਮ. ਪੰਜਾਬੀ
ਬਲਾਕ ਤਰਸਿੱਕਾ
ਜ਼ਿਲ੍ਹਾ ਅੰਮ੍ਰਿਤਸਰ।
ਮੋਬਾਇਲ 7529022691